# ਦਫਤਰ ਜਿਲ੍ਹਾ ਬਾਲ ਸੁਰੱਖਿਆ ਅਫਸਰ, ਬਠਿੰਡਾ

**ਕਮਰਾ ਨੰ: 313 M,ਦੂਜੀ ਮੰਜਿਲ ਮਿੰਨੀ ਸਕੱਤਰੇਤ, ਬਠਿੰਡਾ**

**Ph. 0164-2214480, E.Mail ID : dcpo.bathinda@gmail.com**

331
12/2/24

ਸੇਵਾ ਵਿਖੇ,

ਜਿਲ੍ਹਾ ਸਿੱਖਿਆਂ ਅਫਸਰ(ਪ੍ਰਾਇਮਰੀ/ਸੰਕੈਂਡਰੀ),
ਬਠਿੰਡਾ।

ਪੱਤਰ ਨੰ: ਡੀ.ਸੀ.ਪੀ.ਓ/ਖ/102 ਮਿਤੀ: 12/02/24

**ਵਿਸ਼ਾ:** **Regarding Guidelines of Punjab state commission for protection of child rights.**

**ਹਵਾਲਾ:** **ਡਿਪਟੀ ਡਾਇਰੈਕਟੋਰੇਟ- 4, ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਚੰਡੀਗੜ੍ਹ ਦੇ ਦਫਤਰ ਦੇ ਪੱਤਰ ਨੰ: ICPS/PO/TRG/2024/3509-3531ਮਿਤੀ 25.01.2024 ਦੇ ਸਬੰਧੀ।**

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਬੱਚਿਆਂ ਨੂੰ ਸਕੂਲਾ ਵੱਲੋ Rallies ਅਤੇ Awareness Compaigns ਵਿੱਚ ਸਾਮਲ ਕਰਨ ਸਬੰਧੀ ਚੇਅਰਮੈਨ, ਪੰਜਾਬ ਰਾਜ ਬਾਲ, ਅਧਿਕਾਰ ਰੱਖਿਆਂ ਕਮਿਸਨ, ਵੱਲੋ ਬੱਚਿਆਂ ਦੀ ਸੜਕਾ ਉੱਤੇ ਸੁਰੱਖਿਆਂ ਨੂੰ ਸੁਨਿਸ਼ਚਿਤ ਕਰਨ ਸਬੰਧੀ (ਨੱਥੀ) ਪੱਤਰ ਰਾਹੀ Advisory ਜਾਰੀ ਕਰਦੇ ਹੋਏ ਬੱਚਿਆਂ ਦੀ ਸੁਰੱਖਿਆਂ ਲਈ ਲੋੜੀਦੇ ਕਦਮ ਚੁੱਕਣ ਲਈ ਸਕੱਤਰ, ਪੰਜਾਬ ਸਰਕਾਰ,ਸਕੂਲ ਸਿੱਖਿਆਂ ਵਿਭਾਗ,ਜੀ ਨੂੰ ਲਿਖਿਆਂ ਜਾ ਚੁੱਕਾ ਹੈ ਜੀ।

ਆਪ ਜੀ ਦੇ ਅਧੀਨ ਆਉਦੇ ਜਿਲ੍ਹਾਂ ਬਠਿੰਡਾ ਦੇ ਸਰਕਾਰੀ ਅਤੇ ਗੈਰ ਸਰਕਾਰੀ ਸਕੂਲਾ ਵਿੱਚ ਪੰਜਾਬ ਰਾਜ ਬਾਲ ਅਧਿਕਾਰ ਰੱਖਿਆਂ ਕਮਿਸਨ ਵੱਲੋ ਜਾਰੀ ਕੀਤੀ ਗਈ Advisory ਦੀ ਪਾਲਣਾ ਯਕੀਨੀ ਬਣਾਈ ਜਾਵੇ ਤਾ ਜ਼ੋ ਬੱਚਿਆਂ ਨਾਲ ਕੋਈ ਅਨਸੁਖਾਵੀ ਘਟਨਾ ਨਾ ਵਾਪਰ ਸਕੇ।

ਨੱਥੀ ਪੰਨੇ:- 02

ਜਿਲ੍ਹਾ ਬਾਲ ਸੁਰੱਖਿਆ ਅਫਸਰ,
ਬਠਿੰਡਾ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

**ਪਿਠ ਅੰਕਣ ਨੰ : ਜੀ-1/1 ( )2024** / 8052 **ਮਿਤੀ 26/02/2024**

**ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।**

**ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)**
**ਬਠਿੰਡਾ ।** 26/02/24

ਦਫਤਰ ਬਾਲ ਅਧਿਕਾਰ ਰੱਖਿਆ ਕਮਿਸ਼ਨ, ਪੰਜਾਬ, ਵਣ ਭਵਨ, ਦੂਜੀ ਮੰਜਿਲ, ਟਾਵਰ-4,
ਸੈਕਟਰ-68, ਐਸ.ਏ.ਐਸ ਨਗਰ, ਮੁਹਾਲੀ ਫੋਨ ਨੰ: 0172-2298097
ਈਮੇਲ ਆਈ.ਡੀ. scpcrpunjab@gmail.com

ਸੇਵਾ ਵਿਖੇ,

ਸਕੱਤਰ, ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ,
ਮੋਹਾਲੀ।

ਮੀਮੋ ਨੰ:ਐਸ.ਸੀ. ਪੀ.ਸੀ.ਆਰ/2020/ 145
ਮਿਤੀ - 30-01-2020

ਵਿਸ਼ਾ: **ਸਕੂਲੀ ਬੱਚਿਆਂ ਵੱਲੋਂ ਜਾਗਰੂਕਤਾ ਰੈਲੀਆਂ/ਪ੍ਰੋਗਰਾਮਾਂ ਵਿੱਚ ਭਾਗ ਲੈਣ ਸਮੇਂ ਉਹਨਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਜ਼ਰੂਰੀ ਕਦਮ ਚੁਕਣੇ ਯਕੀਨੀ ਬਨਾਉਣ ਲਈ ਐਡਵਾਈਜਰੀ ਜਾਰੀ ਕਰਨ ਬਾਰੇ।**

*******

ਰਾਜ ਸਰਕਾਰ ਵੱਲੋਂ ਆਪਣੀ ਨੋਟੀਫਿਕੇਸ਼ਨ ਮਿਤੀ 15.04.2011 ਰਾਹੀਂ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਦਾ ਗਠਨ ਭਾਰਤ ਸਰਕਾਰ ਦੇ "ਦਾ ਕਮਿਸ਼ਨਜ਼ ਫਾਰ ਦਾ ਪ੍ਰੋਟੈਕਸ਼ਨ ਆਫ ਚਾਈਲਡ ਰਾਈਟਸ ਐਕਟ, 2005" ਤਹਿਤ ਰਾਜ ਵਿੱਚ ਬਾਲ ਅਧਿਕਾਰਾਂ ਦੀ ਸੁਰੱਖਿਆ ਕਰਨ ਲਈ ਕੀਤਾ ਗਿਆ ਹੈ। ਇਸ ਐਕਟ ਦੀ ਧਾਰਾ 13 ਅਧੀਨ ਕਮਿਸ਼ਨ ਪਾਸ ਬਾਲ ਅਧਿਕਾਰਾਂ ਦੀ ਉਲੰਘਣਾ ਵਿਰੁੱਧ ਪ੍ਰਾਪਤ ਹੋਈਆਂ ਸ਼ਿਕਾਇਤਾਂ ਬਾਰੇ ਇੰਨਕੁਆਰੀ ਕਰਨ ਅਤੇ ਉਹਨਾਂ ਬਾਰੇ ਸੂ-ਮੋਟੋ ਲੈਣ ਦਾ ਅਧਿਕਾਰ ਹੈ।

2. ਉਪਰੋਕਤ ਵਿਸ਼ੇ ਤੇ ਇਸ ਕਮਿਸ਼ਨ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਵਾਰ ਸਕੂਲਾਂ ਵਿੱਚ ਵੱਖ-ਵੱਖ ਸਵੈ-ਇਛੁੱਕ-ਸੰਸਥਾਵਾਂ/ਹੋਰ ਏਜੰਸੀਆਂ ਵੱਲੋਂ ਵੱਖ-ਵੱਖ ਵਿਸ਼ਿਆਂ ਤੇ ਸਕੂਲੀ ਬੱਚਿਆਂ ਨੂੰ ਰੈਲੀਆਂ, ਜਾਗਰੂਕਤਾ ਮੁਹਿਮਾਂ ਆਦਿ ਵਿਚ ਭਾਗ ਲੈਣ ਲਈ ਕਿਹਾ ਜਾਂਦਾ ਹੈ, ਜਿਹਨਾਂ ਵਿੱਚ ਬੱਚਿਆਂ ਨੂੰ ਹਿੱਸਾ ਲੈਣਾ ਪੈਂਦਾ ਹੈ। ਇਹਨਾਂ ਮੁਹਿੰਮਾਂ ਵਿਚ ਬੱਚਿਆਂ ਨੂੰ ਗਰਮੀ, ਸਰਦੀ, ਧੁੱਪ ਆਦਿ ਮੌਸਮਾਂ ਵਿੱਚ ਬੱਚਿਆਂ ਦੇ ਬਿਮਾਰ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ ਅਤੇ ਕਈ ਵਾਰ ਕੁਝ ਬੱਚਿਆਂ ਦੇ ਇਹਨਾਂ ਮੁਹਿੰਮਾਂ ਦੌਰਾਨ ਗੰਭੀਰ ਰੂਪ ਵਿੱਚ ਜਖਮੀ ਹੋਣ ਦਾ ਵੀ ਖਤਰਾ ਹੁੰਦਾ ਹੈ, ਅਜਿਹੀਆਂ ਘਟਨਾਵਾਂ ਨੂੰ ਵਾਪਰਨ ਤੋਂ ਰੋਕਣ ਲਈ ਸਮੂਹ ਸਰਕਾਰੀ ਅਤੇ ਗੈਰ-ਸਰਕਾਰੀ ਸਕੂਲਾਂ ਦੇ ਮੁੱਖੀਆਂ ਨੂੰ ਲਿਖਿਆ ਜਾਣਾ ਚਾਹੀਦਾ ਹੈ , ਕਿ ਇਹਨਾ ਜਾਗਰੂਕਤਾ ਮੁਹਿੰਮਾ ਆਦਿ ਤੇ ਬੱਚਿਆਂ ਨੂੰ ਭਾਗ ਨਾ ਲੈਣ ਦਿੱਤਾ ਜਾਵੇ ਅਤੇ ਜੇਕਰ ਬੱਚਿਆਂ ਦੇ ਹਿੱਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਉਹਨਾਂ ਨੂੰ ਅਜਿਹੇ ਪ੍ਰੋਗਰਾਮਾਂ ਵਿੱਚ ਭਾਗ ਲੈਣਾ ਜਰੂਰੀ ਸਮਝਿਆ ਜਾਵੇ ਤਾਂ ਹੇਠ ਲਿਖੇ ਅਨੁਸਾਰ ਏਤਿਹਾਤੀ ਕਦਮ ਚੁੱਕਣੇ ਯਕੀਨੀ ਬਨਾਏ ਜਾਣ, ਤਾਂ ਜੋ ਬੱਚਿਆਂ ਦੀ ਸੁਰੱਖਿਆ ਨੂੰ ਸੁਨਿਸ਼ਚਿਤ ਕੀਤਾ ਜਾ ਸਕੇ-

- ਉਪ ਮੰਡਲ ਮੈਜਿਸਟਰੇਟ ਨੂੰ ਨੋਡਲ ਅਫਸਰ ਬਣਾਇਆ ਜਾਣਾ ਚਾਹੀਦਾ ਹੈ।

Scanned with CamScanner

- ਹਰ ਤਰ੍ਹਾਂ ਦੀ ਰੈਲੀਆਂ/ਜਾਗਰੂਕਤਾ ਮੁਹਿੰਮਾਂ ਆਦਿ ਤੇ ਬੱਚਿਆਂ ਨੂੰ ਸਕੂਲਾਂ ਦੁਆਰਾ ਹਿੱਸਾ ਦਿਵਾਉਣ ਤੋਂ ਪਹਿਲਾਂ ਨੋਡਲ ਅਫਸਰ ਦੀ ਆਗਿਆ ਲਈ ਜਾਵੇ।
- ਹਰ ਤਰ੍ਹਾਂ ਦੀਆਂ ਰੈਲੀਆਂ/ ਜਾਗਰੂਕਤਾ ਮੁਹਿੰਮਾਂ ਆਦਿ ਤੇ ਬੱਚਿਆਂ ਨੂੰ ਸਕੂਲਾਂ ਦੁਆਰਾ ਹਿੱਸਾ ਦਿਵਾਉਣ ਤੋਂ ਪਹਿਲਾਂ ਉਹਨਾਂ ਦੇ ਮਾਪਿਆਂ ਦੀ ਆਗਿਆ ਲਈ ਜਾਵੇ।
- ਹਰ ਤਰ੍ਹਾਂ ਦੀਆਂ ਰੈਲੀਆਂ/ ਜਾਗਰੂਕਤਾ ਮੁਹਿੰਮਾਂ ਆਦਿ ਤੇ ਬੱਚਿਆਂ ਦਾ ਪਹਿਰਾਵਾ ਮੌਸਮ ਦੇ ਅਨੁਕੂਲ ਹੋਣਾ ਯਕੀਨੀ ਬਣਾਇਆ ਜਾਵੇ।
- ਹਰ ਤਰ੍ਹਾਂ ਦੀਆਂ ਰੈਲੀਆਂ/ ਜਾਗਰੂਕਤਾ ਮੁਹਿੰਮਾਂ ਆਦਿ ਤੇ ਸਕੂਲ ਸਟਾਫ ਦੀ ਮੌਜੂਦਗੀ ਯਕੀਨੀ ਬਣਾਈ ਜਾਵੇ।
- ਸਬੰਧਤ ਸੜਕ ਜਿਹਨਾਂ ਤੇ ਜਾਗਰੂਕਤਾ ਮੁਹਿੰਮਾਂ/ਰੈਲੀਆਂ ਹੋਣ ਉਹਨਾਂ ਤੇ ਟ੍ਰੈਫਿਕ ਡਾਇਵਰਜ਼ਨ ਕੀਤੀ ਜਾਵੇ।
- ਸਬੰਧਤ ਸੜਕ ਜਿਹਨਾਂ ਤੇ ਜਾਗਰੂਕਤਾ ਮੁਹਿੰਮਾਂ/ਰੈਲੀਆਂ ਹੋਣ ਉਹਨਾਂ ਤੇ ਟ੍ਰੈਫਿਕ ਪੁਲਿਸ ਦੀ ਹਾਜਰੀ ਯਕੀਨੀ ਬਣਾਈ ਜਾਵੇ।
- ਬੱਚਿਆਂ ਨੂੰ ਰੈਲੀਆਂ/ਜਾਗਰੂਕਤਾ ਮੁਹਿੰਮਾਂ ਆਦਿ ਦੇ ਦੌਰਾਨ ਰਿਫਲੈਕਟਿਵ ਜੈਕਟ/ਵੇਸਟ ਪਵਾਈਆਂ ਜਾਣ।
- ਜਿਹਨਾਂ ਤੇ ਇਹੋ ਜਿਹੇ ਜਾਗਰੂਕਤਾ ਮੁਹਿੰਮਾ ਰੈਲੀਆਂ ਕਰਨੀਆ ਹੋਣ, ਉਹਨਾਂ ਸੜਕਾਂ ਤੇ 'Safe Zone' ਬਣਾਇਆ ਜਾਵੇ ਅਤੇ ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਰੈਲੀ ਦੌਰਾਨ ਬੱਚੇ ਸਬੰਧਤ 'Safe Zone' ਵਿੱਚ ਹੀ ਚੱਲਣ ਅਤੇ ਉਸ ਸਮੇਂ ਦੌਰਾਨ ਉਹਨਾਂ ਸੜਕਾਂ ਤੇ ਵਾਹਨਾਂ ਦੀ ਗਤੀ ਸੀਮਾਂ 25 ਕਿਲੋਮੀਟਰ ਪ੍ਰਤੀ ਘੰਟਾਂ ਤੈਅ ਕੀਤੀ ਜਾਵੇ।

ਇਸ ਤੋਂ ਇਲਾਵਾ ਹੋਰ ਅਜਿਹੇ ਕਦਮ ਚੁੱਕੇ ਜਾਣ ਜਿਨ੍ਹਾਂ ਦੁਆਰਾ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

ਚੇਅਰਮੈਨ

ਪਿੱਠ ਅੰਕਣ ਨੰ. ਐਸ.ਸੀ. ਪੀ.ਸੀ.ਆਰ/2020/ 146 ਮਿਤੀ 30-01-20

ਉਪਰੋਕਤ ਦਾ ਇੱਕ ਉਤਾਰਾ ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਰਾਜ ਨੂੰ ਭੇਜਕੇ ਲਿਖਿਆ ਜਾਂਦਾ ਹੈ, ਕਿ ਆਪਣੇ ਅਧਿਕਾਰ ਖੇਤਰ ਦੇ ਸਮੂਹ ਸਰਕਾਰੀ /ਗੈਰ-ਸਰਕਾਰੀ ਸਕੂਲਾਂ ਵਿੱਚ ਉਕਤ ਅਨੁਸਾਰ ਐਡਵਾਈਜਰੀ ਦੀ ਪਾਲਣਾ, ਸੁਨਿੱਸ਼ਚਿਤ ਕੀਤੀ ਜਾਵੇ।